# ਸਮਾਜ ਸੇਵੀ ਸੰਸਥਾ ਵੱਲੋਂ 46 ਨਵਜੰਮੀਆਂ ਧੀਆਂ ਦਾ ਸਨਮਾਨ

ਸਤਵੰਤ ਸੌਂਤਾ, ਮਾਨਸਾ

ਸਮਾਜ ਸੇਵੀ ਸੰਸਥਾ ਜ਼ਿਲ੍ਹਾ ਯੂਥ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਿਹਤ ਵਿਭਾਗ ਦੇ ਵਿਸ਼ੇਸ਼ ਸਹਿਯੋਗ ਸਦਕਾ ਪਿੰਡ ਜੋੜਕੀਆਂ ਵਿਖੇ ਨਵਜੰਮੀਆਂ ਧੀਆਂ ਦੀ ਲੋਹੜੀ ਮਨਾ ਕੇ ਬੱਚੀਆਂ ਤੇ ਮਾਵਾਂ ਦਾ ਸਨਮਾਨ ਸਮਾਰੋਹ ਧੂਮਧਾਮ ਨਾਲ ਮਨਾਇਆ ਗਿਆ। ਇਸ ਸਨਮਾਨ ਸਮਾਰੋਹ ਵਿਚ ਜੋੜਕੀਆਂ, ਟਾਂਡੀਆਂ, ਸਾਹਨੇਵਾਲੀ, ਬੁਰਜ ਭਲਾਈ, ਘੁੱਦੂ ਵਾਲਾ, ਉਲੱਕ, ਭਲਾਈਕੇ, ਮੀਆਂ, ਚੂਹੜੀਆਂ, ਭੇਰਿਆਂ ਵਾਲੀ ਸਮੇਤ ਬਾਜੇ ਵਾਲਾ ਦੇ ਗਿਆਰਾਂ ਪਿੰਡਾਂ ਵਿਚ ਇਕ ਸਾਲ ਤੱਕ ਦੀਆਂ ਨਵਜੰਮੀਆਂ ਧੀਆਂ ਦੀ ਲੋਹੜੀ ਮਨਾ ਕੇ ਬੱਚੀਆਂ ਦੀਆਂ ਮਾਵਾਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕਰਦੇ ਹੋਏ ਤਲਵੰਡੀ ਸਾਬੋ ਪਾਵਰ ਲਿਮਟਿਡ ਦੇ ਬੁਲਾਰੇ ਕਮਾਂਡਰ ਪੀਸੀ ਦਾਸ ਨੇ ਐਸੋਸੀਏਸ਼ਨ ਦੇ ਇਸ ਨਿਵੇਕਲੇ ਕਾਰਜ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਇੱਕ ਬਹੁਤ ਹੀ ਸ਼ਲਾਘਾ ਯੋਗ ਕਾਰਜ ਹੈ। ਔਰਤ ਵਰਗ ਨੂੰ ਜਾਗਰੂਕ ਕਰਕੇ ਹੀ ਸਮਾਜ ਵਿਚੋਂ ਮਾਦਾ ਭਰੂਣ ਹੱਤਿਆ ਵਰਗੀ ਬੁਰਾਈ ਨੂੰ ਜੜ੍ਹੋਂ ਖਤਮ ਕੀਤਾ ਜਾ ਸਕਦਾ ਹੈ। ਸੰਸਥਾ ਦੇ ਪ੍ਰਧਾਨ ਲਛਮਣ ਕੁਮਾਰ ਮੰਗਾ ਨੇ ਕਿਹਾ ਕਿ ਇਸ ਸਨਮਾਨ ਨਾਲ ਪਰਿਵਾਰ ਵਿਚ ਲੜਕੀਆਂ ਦਾ ਰੁਤਬਾ ਵਧਣ ਦੇ ਨਾਲ ਨਾਲ ਲੜਕੀਆਂ ਪ੍ਰਤੀ ਆਮ ਲੋਕਾਂ ਦੀ ਸੋਚ ਵੀ ਬਦਲੇਗੀ। ਇਸ ਸਮਾਗਮ ਨੂੰ ਦਰਸ਼ਨ ਸਿੰਘ ਭੰਮੇ, ਡਾ. ਜਸਵੀਰ ਸਿੰਘ ਬੱਲੀ, ਲਛਮਣ ਸਿੰਘ ਮਾਨ, ਸੁਰਜੀਤ ਕੌਰ ਸਰਪੰਚ ਜੋੜਕੀਆਂ, ਅਕਾਲੀ ਆਗੂ ਰਜਿੰਦਰ ਸਿੰਘ ਸਰਪੰਚ, ਸਮਾਜ ਸੇਵੀ ਅੰਗਰੇਜ਼ ਸਿੰਘ ਸਾਹਨੇਵਾਲੀ, ਗੁਰਪਾਲ ਸਿੰਘ, ਸੋਨੀਆ ਸ਼ਰਮਾ, ਗੁਰਤੇਜ ਕੌਰ ਏਐਨਐਮ ਬੁਰਜ ਭਲਾਈ ਕੇ, ਗੁਰਮੀਤ ਕੌਰ ਏਐਨਐਮ ਘੁੱਦੂ ਵਾਲਾ, ਕਰਮਜੀਤ ਕੌਰ ਏਐਨਐਮ ਬਾਜੇਵਾਲਾ, ਰਾਜ ਕੌਰ ਹੈਲਥ ਵਰਕਰ, ਗੁਰਪਾਲ ਸਿੰਘ ਘੁੱਦੂ ਵਾਲਾ ਨੇ ਵੀ ਸੰਬੋਧਨ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਬਲਜਿੰਦਰ ਸੰਗੀਲਾ ਨੇ ਨਿਭਾਈ।



ਨਵਜੰਮੀ ਲੜਕੀ ਨੂੰ ਸਹਾਇਤਾ ਰਾਸ਼ੀ ਦਿੰਦੇ ਹੋਏ ਵੇਦਾਂਤਾ ਦੇ ਕਮਾਂਡਰ ਪੀਸੀ ਦਾਸ ਤੇ ਹੋਰ।